# ਇਲੈਕਟ੍ਰਿਸਿਟੀ ਰਿਬੇਟਾਂ ਜੁਲਾਈ ਦੇ ਬਿਲਾਂ ਤੋਂ ਮਿਲਣ ਲੱਗਣਗੀਆਂ

22 ਜੂਨ, 2022 ਮੀਡੀਆ ਪੁੱਛਗਿੱਛ

## ਜੁਲਾਈ ਦੇ ਸ਼ੁਰੂ ਤੋਂ ਅਲਬਰਟਾ ਦੇ ਕਰੀਬ ਦੋ ਮਿਲੀਅਨ ਵਾਸੀਆਂ ਨੂੰ ਬਿਜਲੀ ਦੇ ਵਧੇ ਖਰਚਿਆਂ ਵਿਚ ਮਦਦ ਕਰਨ ਲਈ ਉਨ੍ਹਾਂ ਦੇ ਬਿਜਲੀ ਦੇ ਬਿਲਾਂ ਤੇ ਰਿਬੇਟ ਮਿਲਣੀ ਸ਼ੁਰੂ ਹੋ ਜਾਵੇਗੀ।

1.9 ਮਿਲੀਅਨ ਤੋਂ ਵੱਧ ਘਰਾਂ, ਫਾਰਮਾਂ ਅਤੇ ਛੋਟੇ ਬਿਜ਼ਨਸਾਂ ਨੂੰ ਉਨ੍ਹਾਂ ਦੇ ਜੁਲਾਈ, ਅਗਸਤ ਅਤੇ ਸਤੰਬਰ ਦੇ ਬਿਜਲੀ ਬਿਲਾਂ ਤੇ $50 ਦਾ ਮਾਸਿਕ ਕਰੈਡਿਟ ਮਿਲੇਗਾ, ਜਿਹੜਾ ਕਿ ਕੁੱਲ $150 ਦੀ ਰੀਬੇਟ ਹੋਵੇਗੀ।

ਅਲਬਰਟਾ ਸਰਕਾਰ ਦਾ $300 ਮਿਲੀਅਨ ਦਾ ਰੀਬੇਟ ਪ੍ਰੋਗਰਾਮ ਉਨ੍ਹਾਂ ਉੱਚ ਯੁਟਿਲਿਟੀ ਖਰਚਿਆਂ ਨੂੰ ਘਟਾਉਣ ਵਿਚ ਮਦਦ ਕਰੇਗਾ, ਜਿਸ ਦਾ ਸਾਹਮਣਾ ਬਹੁਤ ਸਾਰੇ ਪਰਿਵਾਰਾਂ ਅਤੇ ਕਾਰੋਬਾਰਾਂ ਨੂੰ ਪਿਛਲੇ ਮਹੀਨਿਆਂ ਦੌਰਾਨ ਕਰਨਾ ਪਿਆ ਹੈ।

## ਬਿਜਲੀ ਰੀਬੇਟ

ਯੋਗ ਅਲਬਰਟਾ ਵਾਸੀਆਂ ਦੇ ਬਿਲਾਂ ਤੇ ਆਪਣੇ ਆਪ $50 ਦੀ ਰੀਬੇਟ ਮਿਲ ਜਾਵੇਗੀ। ਯੋਗ ਯੁਟਿਲਿਟੀ ਬਿਲਾਂ ਤੇ ਇਹ ਸਿੱਧੀ ਲਾਗੂ ਕੀਤੀ ਜਾ ਰਹੀ ਹੈ, ਜਿਸ ਦਾ ਮਤਲਬ ਹੈ ਕਿ ਜੁਲਾਈ ਵਿਚ ਰੀਬੇਟ ਲੈਣਾ ਸ਼ੁਰੂ ਕਰਨ ਵਾਸਤੇ ਕਿਸੇ ਅਰਜ਼ੀ ਜਾਂ ਕਾਰਵਾਈ ਦੀ ਜ਼ਰੂਰਤ ਨਹੀਂ ਹੈ।

ਹਰ ਬਿਲ ਤੇ ਰੀਬੇਟ ਇਕ ਲਾਈਨ "GOA Utility Commodity Rebate," ਰਾਹੀਂ ਦਰਜ ਕੀਤੀ ਜਾਵੇਗੀ, ਅਤੇ $50 ਡਾਲਰ ਦੀ ਇਹ ਰੀਬੇਟ ਅਗਸਤ ਅਤੇ ਸਤੰਬਰ ਵਿਚ ਵੀ ਜਾਰੀ ਰਹੇਗੀ, ਜਿਹੜੀ ਕਿ ਕੁੱਲ $150 ਬਣੇਗੀ। ਇਸ ਦਾ ਸਹੀ ਸਮਾਂ ਕਿਸੇ ਦੀ ਯੁਟਿਲਿਟੀ ਪ੍ਰਦਾਤਾ ਕੰਪਨੀ ਦੇ ਬਿਲਿੰਗ ਸਾਈਕਲ ਮੁਤਾਬਕ ਵੱਖੋ ਵੱਖਰਾ ਹੋ ਸਕਦਾ ਹੈ।

ਜਿਹੜੇ ਖਪਤਕਾਰਾਂ ਨੂੰ ਇਹ ਲੱਗਦਾ ਹੈ ਕਿ ਉਹ ਯੋਗਤਾ ਮਾਪਦੰਡ ਪੂਰਾ ਕਰਦੇ ਹਨ ਪਰ ਜੁਲਾਈ ਦੇ ਅੰਤ ਤੱਕ ਉਨ੍ਹਾਂ ਨੂੰ ਰੀਬੇਟ ਨਹੀਂ ਮਿਲੀ, ਉਨ੍ਹਾਂ ਨੂੰ ਯੁਟਿਲਿਟੀ ਕਨਜ਼ਿਊਮਰ ਐਡਵੋਕੇਟ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਅਗਾਮੀ ਕੁਦਰਤੀ ਗੈਸ ਰੀਬੇਟ

ਬਿਜਲੀ ਰੀਬੇਟ ਦੇ ਨਾਲ, ਕੁਦਰਤੀ ਗੈਸ ਤੇ ਮਿਲਣ ਵਾਲੀ ਰੀਬੇਟ ਖਰਚਿਆਂ ਵਿਚ ਕੁੱਝ ਨਿਸ਼ਚਿਤਤਾ ਲਿਆਵੇਗੀ ਅਤੇ ਯੋਗ ਅਲਬਰਟਾ ਵਾਸੀਆਂ ਨੂੰ ਅਕਤੂਬਰ ਵਿਚ ਸ਼ੁਰੂ ਹੋਣ ਵਾਲੇ ਕੀਮਤਾਂ ਦੇ ਯੂਰੋਪ-ਸਟਾਈਲ ਵਾਧੇ ਤੋਂ ਸੁਰੱਖਿਆ ਪ੍ਰਦਾਨ ਕਰੇਗੀ। ਕੁਦਰਤੀ ਗੈਸ ਰੀਬੇਟ ਤੇ ਹੋਰ ਵੇਰਵੇ ਜਲਦੀ ਅਨਾਊਂਸ ਕੀਤੇ ਜਾਣਗੇ।

## ਮੁੱਖ ਤੱਥ

- ਸਾਰੇ ਯੂਟਿਲਿਟੀ ਖਪਤਾਕਾਰ, ਜਿਹੜੇ ਇਸ ਵਕਤ ਬਿਜਲੀ ਸਿਸਟਮ ਨਾਲ ਜੁੜੇ ਹਨ, ਅਤੇ ਜਿਨ੍ਹਾਂ ਨੇ ਪਿਛਲੇ ਸਾਲ ਦੌਰਾਨ ਵੱਧ ਤੋਂ ਵੱਧ 250 ਮੈਗਾਵਾਟ ਬਿਜਲੀ ਪ੍ਰਤੀ ਸਾਲ ਖਪਤ ਕੀਤੀ ਹੈ, ਉਹ ਰੀਬੇਟਾਂ ਵਾਸਤੇ ਆਪਣੇ ਆਪ ਹੀ ਯੋਗ ਹੋ ਜਾਂਦੇ ਹਨ।
- ਖਪਤਕਾਰਾਂ ਨੂੰ ਇਹ ਰਿਬੇਟ ਉਨ੍ਹਾਂ ਦੀਆਂ ਬਿਜਲੀ ਪ੍ਰਦਾਨ ਕਰਨ ਵਾਲੀਆਂ ਯੂਟਿਲਿਟੀ ਪ੍ਰਦਾਤਾ ਕੰਪਨੀਆ ਦੇ ਬਿਲਾਂ ਤੇ ਕਰੈਡਿਟ ਵਜੋਂ ਮਿਲੇਗੀ।
- ਰੀਬੇਟ ਬਿਜਲੀ ਬਿਲਾਂ ਤੇ ਇਕ ਵੱਖਰੀ ਲਾਈਨ "GOA Utility Commodity Rebate" ਦੇ ਤੌਰ ਤੇ ਨਜ਼ਰ ਆਏਗੀ।
- ਖਪਤਕਾਰ ਤਿੰਨ ਮਹੀਨਿਆਂ ਤੱਕ ਲਗਾਤਾਰ $50 ਹਰ ਮਹੀਨੇ ਪ੍ਰਾਪਤ ਕਰਨਗੇ, ਅਤੇ ਜ਼ਿਆਦਾਤਰ ਰੀਬੇਟਾਂ ਜੁਲਾਈ ਦੇ ਬਿਜਲੀ ਬਿਲਾਂ ਤੇ ਨਜ਼ਰ ਆਉਣੀਆਂ ਸ਼ੁਰੂ ਹੋਣਗੀਆਂ।
- ਜਿਹੜੇ ਖਪਤਕਾਰਾਂ ਨੂੰ ਇਹ ਲੱਗਦਾ ਹੈ ਕਿ ਉਹ ਯੋਗਤਾ ਮਾਪਦੰਡ ਪੂਰਾ ਕਰਦੇ ਹਨ ਪਰ ਜੁਲਾਈ ਦੇ ਅੰਤ ਤੱਕ ਉਨ੍ਹਾਂ ਨੂੰ ਰੀਬੇਟ ਨਹੀਂ ਮਿਲੀ, ਉਨ੍ਹਾਂ ਨੂੰ ਸਹਾਇਤਾ ਲਈ ਯੂਟਿਲਿਟੀ ਕਨਜ਼ਿਊਮਰ ਐਡਵੋਕੇਟ ਨਾਲ 310-4822 ਉੱਤੇ ਜਾਂ UCAhelps@gov.ab.ca ਸੰਪਰਕ ਕਰਨਾ ਚਾਹੀਦਾ ਹੈ।

## ਸੰਬੰਧਿਤ ਜਾਣਕਾਰੀ

- Energy Affordability Programs

## ਸੰਬੰਧਿਤ ਖਬਰਾਂ

- ਕਰੀਬ 2 ਮਿਲੀਅਨ ਅਲਬਰਟਾ ਵਾਸੀਆਂ ਨੂੰ ਊਰਜਾ ਰੀਬੇਟਾਂ ਦੇਣਾ(20 ਅਪਰੈਲ, 2022)

## ਮੀਡੀਆ ਪੁੱਛਗਿੱਛ

**ਟੇਲਰ ਹਾਈਡਜ਼ (Taylor Hides)**
587 590 3850
ਪ੍ਰੈੱਸ ਸਕੱਤਰ

---

ਇਹ ਅਨਾਊਂਸਮੈਂਟ ਔਨਲਾਈਨ ਦੇਖੋ
ਅਲਬਰਟਾ ਸਰਕਾਰ ਦਾ ਨਿਊਜ਼ ਰੂਮ
ਸਰਕਾਰ ਨਾਲ ਸੰਪਰਕ ਕਰੋ
ਅਨਸਬਕ੍ਰਾਈਬ ਕਰੋ